ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ) ਅਤੇ (ਸੈ ਸਿ)

ਮੀਮੋ ਨੰ ਸਸਅ/ਮੈਥ ਸੈੱਲ/09/65608-65647
ਮਿਤੀ ਚੰਡੀਗੜ੍ਹ 02 ਸਤੰਬਰ, 2009

**ਵਿਸ਼ਾ** **ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਵਿੱਚ ਮੈਥ ਅਤੇ ਸਾਇੰਸ ਲੈਬਜ ਦੇ ਲਈ ਸਮਾਨ ਖ੍ਰੀਦਣ ਬਾਰੇ ਸੱਪਸ਼ਟੀਕਰਨ ।**

1.0 ਉਪਰੋਕਤ ਵਿਸ਼ੇ ਤੇ ਸਮੇ ਸਮੇ ਸਿਰ ਮੁੱਖ ਦਫਤਰ ਵੱਲੋਂ ਜਾਰੀ ਕੀਤੀਆ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਵਿੱਚ ਸਾਲ 2008-09 ਦੌਰਾਨ ਮੈਥ ਅਤੇ ਸਾਇੰਸ ਲੈਬਜ ਦੀ ਸਥਾਪਨਾ ਕਰਨ ਲਈ 1500 ਰੁਪੈ ਪ੍ਰਾਇਮਰੀ ਸਕੂਲ ਦੀ ਮੈਥ ਲੈਬ ਲਈ, 3600 ਰੁਪੈ ਅੱਪਰ-ਪ੍ਰਾਇਮਰੀ ਸਕੂਲ ਦੀ ਮੈਥ ਲੈਬ ਲਈ ਅਤੇ 3,000 ਰੁਪੈ ਸਾਇੰਸ ਲੈਬ ਲਈ ਗ੍ਰਾਂਟ ਪ੍ਰਾਪਤ ਹੋਈ ਸੀ । ਇਸੇ ਤਰ੍ਹਾਂ ਦੀਆਂ ਸਹੂਲਤਾਂ ਸਾਲ 2009-10 ਲਈ ਪ੍ਰਾਇਮਰੀ ਮੈਥ ਅਤੇ ਸਾਇੰਸ ਲੈਬਜ ਨੂੰ ਹੋਰ ਮਜ਼ਬੂਤ ਕਰਨ ਲਈ 1,000 ਰੁਪੈ ਅਤੇ ਅੱਪਰ-ਪ੍ਰਾਇਮਰੀ ਸਕੂਲ ਲਈ ਮੈਥ ਅਤੇ ਸਾਇੰਸ ਲੈਬਜ ਲਈ 2,000 ਰੁਪੈ ਮੰਨਜੂਰ ਹੋਏ ਹਨ । ਇਹ ਗ੍ਰਾਂਟ ਮੁੱਖ ਦਫਤਰ ਵੱਲੋ ਵੱਖ-ਵੱਖ ਜ਼ਿਲ੍ਹਿਆਂ ਨੂੰ ਸਾਲ 2009-10 ਲਈ ਜਾਰੀ ਕੀਤੀ ਜਾ ਚੁੱਕੀ ਹੈ ।

3.0 ਸਮਾਨ ਦੀ ਕੁਆਲਿਟੀ ਨੂੰ ਮੱਦੇ ਨਜ਼ਰ ਰੱਖਦੇ ਹੋਇਆ ਮੁੱਖ ਦਫਤਰ ਵੱਲੋ ਵਿਸ਼ਾ ਮਾਹਿਰਾਂ ਦੀ ਇੱਕ ਉੱਚ ਪੱਧਰੀ ਕਮੇਟੀ ਪਿਛਲੇ ਸਾਲ ਬਣਾਈ ਗਈ ਸੀ । ਇਸ ਕਮੇਟੀ ਵਿੱਚ ਡਾਇਰੈਕਟਰ, ਐਸ.ਸੀ.ਈ.ਆਰ.ਟੀ., ਡੀ.ਪੀ.ਆਈ. (ਸੈ ਸਿ) ਅਤੇ ਡੀ.ਪੀ.ਆਈ. (ਐ ਸਿ) ਅਤੇ

ਕੰਟਰੋਲਰ ਸਟੋਰਜ, ਪੰਜਾਬ ਸਰਕਾਰ ਅਤੇ ਵਿਸ਼ਾ ਮਾਹਿਰ ਵੀ ਬਤੌਰ ਮੈਂਬਰ ਪਾਏ ਗਏ ਸਨ । ਇਸ ਉੱਚ ਪੱਧਰੀ ਕਮੇਟੀ ਵੱਲੋ ਨਿਰਧਾਰਤ ਕੀਤੀ ਗਈ ਸਪੈਸੀਫਿਕੇਸ਼ਨਜ ਦੇ ਮੁਤਾਬਿਕ ਟੈਂਡਰ ਮੰਗਵਾਏ ਗਏ ਸਨ ਜਿਨ੍ਹਾਂ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠਾਂ ਸਰਵ ਸਿੱਖਿਆ ਅਭਿਆਨ ਦੇ ਤਹਿਤ ਬਣੀ ਕਾਰਜ-ਕਾਰੀ ਕਮੇਟੀ ਵੱਲੋ ਪ੍ਰਵਾਨ ਕੀਤਾ ਗਿਆ ਸੀ । ਇਹ ਸਪੈਸੀਫਿਕੇਸ਼ਨਜ ਅਤੇ ਹੋਰ ਆਈਟਮ ਲਈ ਨਿਰਧਾਰਤ ਕੀਤੇ ਰੇਟਾਂ ਦੀ ਸੂਚੀ ਜ਼ਿਲ੍ਹਿਆਂ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ । ਆਪ ਜੀ ਦੀ ਜਾਣਕਾਰੀ ਲਈ ਹਰੇਕ ਕਿੱਟ ਲਈ ਸਪੈਸੀਫਿਕੇਸ਼ਨਜ ਅਤੇ ਰੇਟਾਂ ਦਾ ਵੇਰਵਾ ਇੱਕ ਵਾਰੀ ਮੁੜ ਆਪ ਜੀ ਨੂੰ ਇਸ ਪੱਤਰ ਦੇ ਨਾਲ ਭੇਜਿਆ ਜਾ ਰਿਹਾਂ ਹੈ ।

4.0 ਪਿਛਲੇ ਦਿਨੀਂ ਕੁੱਝ ਇੱਕ ਜ਼ਿਲ੍ਹਿਆਂ ਤੋਂ ਇਸ ਤਰ੍ਹਾਂ ਦੀ ਸੂਚਨਾ ਪ੍ਰਾਪਤ ਹੋਈ ਹੈ ਕਿ ਸਕੂਲਾਂ ਨੂੰ ਇਨ੍ਹਾਂ ਖਾਸ ਫਰਮਾਂ ਤੋਂ ਹੀ ਸਮਾਨ ਖ੍ਰੀਦਣ ਲਈ ਕਿਹਾ ਗਿਆ ਹੈ ਜੋ ਕਿ ਮੁੱਖ ਦਫਤਰ ਵੱਲੋਂ ਕੀਤੀਆ ਹਦਾਇਤਾਂ ਦੇ ਉਲਟ ਹੈ । ਮੁੱਖ ਦਫਤਰ ਵੱਲੋ ਸਪੈਸੀਫਿਕੇਸ਼ਨਜ ਨਿਰਧਾਰਤ ਕਰਨ ਉਪਰੰਤ ਸਿਰਫ ਰੇਟ ਹੀ ਨਿਰਧਾਰਤ ਕੀਤੇ ਗਏ ਸਨ । ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੀ ਵੀ ਸਕੂਲ ਦੀ ਪੇਂਡੂ ਸਿੱਖਿਆ ਵਿਕਾਸ ਕਮੇਟੀ ਨੂੰ ਨਿਰਧਾਰਤ ਕੀਤੀਆਂ ਸਪੈਸੀਫਿਕੇਸ਼ਨਜ ਦੀ ਕੋਈ ਵੀ ਆਈਟਮ ਇਸ ਰੇਟ ਕੰਟ੍ਰੈਕਟ ਤੋਂ ਘੱਟ ਰੇਟ ਤੇ ਮਿਲਦੀ ਹੈ ਤਾਂ ਉਸੀ ਰੇਟ ਤੇ ਕਿਸੀ ਤੋਂ ਵੀ ਐਸ.ਐਸ.ਏ. ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆ ਹਦਾਇਤਾਂ ਅਨੁਸਾਰ ਖ੍ਰੀਦ ਲਈ ਜਾਵੇ ।

5.0 ਪਰੰਤੂ ਇਸ ਦੇ ਨਾਲ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਕਿਸੀ ਵੀ ਸੂਰਤ ਵਿੱਚ ਸਪੈਸੀਫਿਕੇਸ਼ਨਜ ਅਤੇ ਕੁਵਾਲਟੀ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ । ਇਹ ਵੀ ਲਿਖਿਆ ਜਾਂਦਾ ਹੈ ਕਿ ਜੋ ਆਈਟਮਾਂ ਸਾਲ 2008-09 ਦੌਰਾਨ ਖ੍ਰੀਦੀਆਂ ਜਾ ਚੁੱਕੀਆ ਹਨ, ਨੂੰ ਕਿਸੀ ਵੀ ਸੂਰਤ ਵਿੱਚ ਸਾਲ 2009-10 ਲਈ ਦੋਬਾਰਾ ਨਾ ਖ੍ਰੀਦਿਆ ਜਾਵੇ । ਜੇਕਰ ਸਾਲ 2008-09 ਲਈ ਸਾਰੀਆ ਆਈਟਮਾਂ ਦੀ ਖ੍ਰੀਦ ਪੈਸੇ ਦੀ ਕਮੀ ਕਰਕੇ ਨਹੀਂ ਹੋਈ ਹੈ, ਤਾਂ ਉਨ੍ਹਾਂ

ਆਇਟਮਾਂ ਨੂੰ ਸਾਲ 2009-10 ਦੌਰਾਨ ਪ੍ਰਵਾਨ ਕੀਤੇ ਫੰਡਾਂ ਵਿੱਚੋਂ ਕਮੀ ਪੂਰੀ ਕਰ ਲਈ ਜਾਵੇ ।

6.0 ਆਪ ਜੀ ਨੂੰ ਇੱਕ ਵਾਰੀ ਮੁੜ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕੀਤੀ ਜਾਵੇ ਅਤੇ ਸਾਰੇ ਸਕੂਲਾਂ ਨੂੰ ਵੀ ਇਸ ਸਬੰਧੀ ਸੂਚਿਤ ਕਰ ਦਿੱਤਾ ਜਾਵੇ । ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਆਈਟਮਾਂ ਦੇ ਮੁਤਾਬਿਕ ਬੱਚਿਆਂ ਨੂੰ ਸਿਲੇਬਸ ਪੂਰਾ ਕਰਵਾਇਆ ਜਾਵੇ ਤਾਂ ਕਿ ਵਿਦਿਆਰਥੀਆਂ ਨੂੰ ਆਪਣਾ ਵਿਸ਼ਾ ਸਮਝਣ ਵਿੱਚ ਕੋਈ ਦਿੱਕਤ ਪੇਸ਼ ਨਾ ਹੋਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / 1. ਸਪੈਸੀਫਿਕੇਸ਼ਨਜ ਦੀ ਕਾਪੀ
2. ਆਈਟਮਾਂ ਦੀ ਰੇਟਾਂ ਦੀ ਕਾਪੀ